# ਸਕੂਲਾਂ ਵਿੱਚ ਅਨੁਸ਼ਾਸਨ: ਮਾਪੇ ਲਈ ਗਾਈਡ

## ਅਨੁਸ਼ਾਸਨ ਕਿਹੜੇ ਵਿਹਾਰਾਂ ਦਾ ਨਤੀਜਾ ਹੋ ਸਕਦਾ ਹੈ?

ਹਰੇਕ ਸਕੂਲੀ ਜ਼ਿਲ੍ਹਾ ਪ੍ਰਾਂਤਕ ਕਨੂੰਨਾਂ ਦੇ ਅਨੁਕੂਲ ਨੀਤੀਆਂ ਨੂੰ ਅਪਣਾਉਂਦਾ ਹੈ, ਜੋ ਇਹ ਦਰਸਾਉਂਦੀਆਂ ਹਨ ਕਿ ਕਿਹੜੇ ਵਿਹਾਰ ਸਵੀਕਾਰਯੋਗ ਹਨ ਅਤੇ ਕਿਹੜੇ ਸਵੀਕਾਰਯੋਗ ਨਹੀਂ ਹਨ। ਕੁਝ ਉਦਾਹਰਣਾਂ ਵਿੱਚ ਲੜਾਈ, ਧੱਕੇਸ਼ਾਹੀ, ਸਹਿਯੋਗ ਦੇਣ ਵਿੱਚ ਅਸਫਲ ਰਹਿਣ, ਜਾਂ ਸ਼ਰਾਬ ਦੀ ਮਨਾਹੀ ਦੀ ਉਲੰਘਣਾ ਸ਼ਾਮਲ ਹੋ ਸਕਦੀ ਹੈ। ਜਦੋਂ ਜਿਲ੍ਹੇ ਆਪਣੀਆਂ ਨੀਤੀਆਂ ਨੂੰ ਵਿਕਸਿਤ ਕਰਦੇ ਅਤੇ ਅੱਪਡੇਟ ਕਰਦੇ ਹਨ, ਉਸ ਸਮੇਂ ਵਿਦਿਆਰਥੀਆਂ, ਮਾਪਿਆਂ ਅਤੇ ਪਰਿਵਾਰਾਂ ਨੂੰ ਲਾਜ਼ਮੀ ਤੌਰ ਤੇ ਸ਼ਾਮਲ ਹੋਣਾ ਚਾਹੀਦਾ ਹੈ, ਅਤੇ ਨੀਤੀਆਂ ਜਨਤਾ ਕੋਲ ਉਪਲਬਧ ਹੋਣੀਆਂ ਚਾਹੀਦੀਆਂ ਹਨ। ਜੇ ਤੁਸੀਂ ਆਪਣੇ ਜਿਲ੍ਹੇ ਦੀ ਅਨੁਸ਼ਾਸਨ ਨੀਤੀ ਨਾਲ ਜਾਣੂੰ ਨਹੀਂ ਹੋ, ਤਾਂ ਪ੍ਰਿੰਸੀਪਲ ਜਾਂ ਸਕੂਲ ਪ੍ਰਸ਼ਾਸਕ ਨੂੰ ਇੱਕ ਕਾਪੀ ਦੇਣ ਲਈ ਕਹੋ। ਜੇ ਤੁਹਾਡੀ ਸਥਾਨਕ ਅਨੁਸ਼ਾਸਨ ਨੀਤੀਆਂ ਨੂੰ ਬਦਲਣ ਵਿੱਚ ਰੁਚੀ ਹੈ, ਤਾਂ ਇਸ ਬਾਰੇ ਪੁੱਛਣ ਲਈ ਸਕੂਲ ਬੋਰਡ ਮੀਟਿੰਗ ਵਿਖੇ ਹਾਜ਼ਰ ਹੋਣ ਜਾਂ ਜਿਲ੍ਹੇ ਦੇ ਸੁਪਰਿਨਟੈਂਡੈਂਟ ਨਾਲ ਸੰਪਰਕ ਕਰਨ ਤੇ ਵਿਚਾਰ ਕਰੋ ਕਿ ਤੁਸੀਂ ਕਿਵੇਂ ਸ਼ਾਮਲ ਹੋ ਸਕਦੇ ਹੋ।



## ਵਿਹਾਰਾਤਮਕ ਉਲੰਘਣਾਵਾਂ ਦੇ ਜਵਾਬ ਵਿੱਚ ਸਕੂਲ ਜ਼ਿਲ੍ਹਾ ਕਿਹੜੀਆਂ ਕਾਰਵਾਈਆਂ ਕਰ ਸਕਦਾ ਹੈ?

- ਅਧਿਆਪਨ ਜਾਂ ਮੁੜ-ਅਧਿਆਪਨ ਵਿਹਾਰਾਤਮਕ ਉਮੀਦਾਂ
- ਮੌਖਿਕ ਜਾਂ ਲਿਖਤੀ ਫੀਡਬੈਕ
- ਮਾਪਿਆਂ ਨੂੰ ਸੂਚਨਾ ਜਾਂ ਕਾਨਫਰੰਸਾਂ
- ਵਾਧੂ ਨਿਗਰਾਨੀ
- ਵਿਸ਼ੇਸ਼ ਅਧਿਕਾਰਾਂ ਨੂੰ ਗੁਆਉਣਾ
- ਲੰਚ ਜਾਂ ਸਕੂਲ ਤੋਂ ਬਾਅਦ ਨਜ਼ਰਬੰਦੀ
- ਵਿਹਾਰ ਨਿਗਰਾਨੀ ਜਾਂ ਵਿਹਾਰ ਸਬੰਧੀ ਕੰਟ੍ਰੈਕਟ
- ਸਕੂਲ ਵਿੱਚ ਜਾਂ ਸਕੂਲ ਤੋਂ ਬਾਹਰ ਮੁਅੱਤਲੀ
- ਮੁੜ ਬਹਾਲੀ ਨਿਆਂ ਅਭਿਆਸ
- ਕਾਉਂਸਲਿੰਗ ਜਾਂ ਵਿਹਾਰਾਤਮਕ ਸਿਹਤ ਸੇਵਾਵਾਂ
- ਭਾਈਚਾਰਕ ਸੇਵਾ ਜਾਂ ਬਹਾਲੀ
- ਵਿਦਿਆਰਥੀ ਸਹਾਇਤਾ ਸੇਵਾਵਾਂ

*ਅਨੁਸ਼ਾਸਨਾਤਮਕ ਕਾਰਵਾਈ ਦੇ ਤੌਰ ਤੇ ਵਿਦਿਆਰਥੀਆਂ ਨੂੰ ਸਰੀਰਕ ਦਰਦ ਦੀ ਸਜ਼ਾ ਦੇਣਾ ਜਾਂ ਵਿਦਿਆਰਥੀਆਂ ਦੇ ਪੋਸ਼ਕ ਭੋਜਨ ਨੂੰ ਰੋਕਣਾ, ਦੋਵਾਂ ਦੀ ਮਨਾਹੀ ਹੈ।*

## ਪ੍ਰ: ਕੋਈ ਅਧਿਆਪਕ ਕਿਸੇ ਵਿਦਿਆਰਥੀ ਨੂੰ ਕਲਾਸ ਵਿਚੋਂ ਕਦੋਂ ਨਿਕਾਲ ਸਕਦਾ ਹੈ, ਅਤੇ ਉਸ ਤੋਂ ਬਾਅਦ ਕੀ ਹੁੰਦਾ ਹੈ?

ਕੋਈ ਅਧਿਆਪਕ ਕਿਸੇ ਵਿਦਿਆਰਥੀ ਨੂੰ ਉਨ੍ਹਾਂ ਵਿਹਾਰਾਂ ਕਰਕੇ ਕਲਾਸ ਵਿਚੋਂ ਨਿਕਾਲ ਸਕਦਾ ਹੈ ਜੋ ਸਿੱਖਣ ਦੀ ਪ੍ਰਕਿਰਿਆ ਵਿੱਚ ਵਿਘਨ ਪਾਉਂਦੇ ਹਨ। ਇਸ ਨੂੰ "ਕਲਾਸਰੂਮ ਤੋਂ ਨਿਕਾਲਣਾ" ਕਹਿੰਦੇ ਹਨ। ਨਿਕਾਲਣ ਤੋਂ ਪਹਿਲਾਂ, ਅਧਿਆਪਕ ਨੂੰ ਵਿਹਾਰਕ ਉਮੀਦਾਂ ਨੂੰ ਪੂਰਾ ਕਰਨ ਵਿਚ ਵਿਦਿਆਰਥੀ ਦੀ ਮਦਦ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਨਵੇਂ ਅਨੁਸ਼ਾਸਨ ਨਿਯਮ ਸਕੂਲਾਂ ਨੂੰ ਵਿਹਾਰ ਲਈ ਸਕਾਰਾਤਮਕ ਦ੍ਰਿਸ਼ਟੀਕੋਣਾਂ

ਨੂੰ ਵਰਤਣ ਲਈ ਉਤਸਾਹਿਤ ਕਰਦੇ ਹਨ ਅਤੇ ਸਿਰਫ ਆਖਰੀ ਉਪਾਅ ਵਜੋਂ ਵਿਦਿਆਰਥੀਆਂ ਨੂੰ ਨਿਕਾਲਦੇ ਹਨ। ਪਰ ਜੇ ਵਿਦਿਆਰਥੀ ਦਾ ਵਿਹਾਰ ਦੂਜਿਆਂ ਲਈ ਖਤਰਾ ਹੈ ਜਾਂ ਸਿੱਖਣ ਦੀ ਪ੍ਰਕਿਰਿਆ ਲਈ ਗੰਭੀਰ ਖਤਰਾ ਹੈ, ਤਾਂ ਕੋਈ ਅਧਿਆਪਕ ਵਿਦਿਆਰਥੀ ਨੂੰ ਨਿਕਾਲ ਸਕਦਾ ਹੈ ਅਤੇ ਪ੍ਰਿੰਸੀਪਲ ਨੂੰ ਤੁਰੰਤ ਸੂਚਿਤ ਕਰਦਾ ਹੈ।

ਰਾਜ ਦੇ ਨਵੇਂ ਅਨੁਸ਼ਾਸਨ ਨਿਯਮਾਂ ਅਨੁਸਾਰ ਸਕੂਲਾਂ ਨੂੰ ਜਲਦੀ ਤੋਂ ਜਲਦੀ ਮਾਪਿਆਂ ਨੂੰ ਵਿਦਿਆਰਥੀ ਨੂੰ ਕਲਾਸਰੂਮ ਤੋਂ ਨਿਕਾਲੇ ਜਾਣ ਬਾਰੇ ਸੂਚਿਤ ਕਰਨ ਦੀ ਲੋੜ ਹੁੰਦੀ ਹੈ। ਨਵੇਂ ਨਿਯਮਾਂ ਅਨੁਸਾਰ ਇਹ ਵੀ ਜ਼ਰੂਰੀ ਹੈ ਕਿ ਸਕੂਲ ਮੁਅੱਤਲੀ ਦੀਆਂ ਪ੍ਰਕਿਰਿਆਵਾਂ ਦੀ ਪਾਲਣਾ ਕਰੇ ਜੇ ਵਿਦਿਆਰਥੀ ਨੂੰ ਅਗਲੇ ਸਕੂਲ ਦਿਨ ਤਕ ਵਾਪਸ ਕਲਾਸਰੂਮ ਵਿੱਚ ਆਉਣ ਦੀ ਇਜਾਜ਼ਤ ਨਹੀਂ ਹੁੰਦੀ ਜਾਂ ਜੇ ਵਿਦਿਆਰਥੀ ਨੂੰ ਕਲਾਸਰੂਮ ਤੋਂ ਨਿਕਾਲਣ ਕਾਰਨ ਘਰ ਭੇਜਿਆ ਗਿਆ ਹੈ। ਮਾਪਿਆਂ ਅਤੇ ਵਿਦਿਆਰਥੀਆਂ ਕੋਲ ਕਲਾਸਰੂਮ ਤੋਂ ਨਿਕਾਲਣ ਨਾਲ ਅਸਹਿਮਤ ਹੋਣ ਅਤੇ ਸਕੂਲ ਜਿਲ੍ਹੇ ਨਾਲ ਮਤਭੇਦ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨ ਦਾ ਅਧਿਕਾਰ ਹੈ।

## ਕੋਈ ਸਕੂਲ ਜ਼ਿਲ੍ਹਾ ਕਿੰਨੀ ਦੇਰ ਲਈ ਕਿਸੇ ਵਿਦਿਆਰਥੀ ਨੂੰ ਮੁਅੱਤਲ ਕਰ ਸਕਦਾ ਹੈ ਜਾਂ ਬਾਹਰ ਕੱਢ ਸਕਦਾ ਹੈ?

ਮੁਅੱਤਲੀ ਅਤੇ ਬਰਖਾਸਤਗੀ ਖਤਮ ਹੋਣ ਦੀ ਤਾਰੀਖ ਹੋਣੀ ਜ਼ਰੂਰੀ ਹੈ ਅਤੇ ਇਹ ਸਕੂਲ ਦੀ ਅਕਾਦਮਿਕ ਮਿਆਦ (ਜਿਵੇਂ ਕਿ ਸਮੈਸਟਰ ਜਾਂ ਤਿਮਾਹੀ) ਵਿਚਲੇ ਦਿਨਾਂ ਦੀ ਸੰਖਿਆ ਤੋਂ ਜ਼ਿਆਦਾ ਨਹੀਂ ਹੋ ਸਕਦੀ ਹੈ।

ਥੋੜ੍ਹੇ ਸਮੇਂ ਦੀ ਮੁਅੱਤਲੀ 10 ਨਿਰੰਤਰ ਸਕੂਲ ਦੇ ਦਿਨਾਂ ਤੋਂ ਜ਼ਿਆਦਾ ਨਹੀਂ ਹੋ ਸਕਦੀ ਹੈ। ਨਾਲ ਹੀ, ਰਾਜ ਦਾ ਕਨੂੰਨ ਉਨ੍ਹਾਂ ਕੁੱਲ ਦਿਨਾਂ ਨੂੰ ਸੀਮਤ ਕਰਦਾ ਹੈ ਜਿਨ੍ਹਾਂ ਲਈ ਇੱਕ ਸਕੂਲ ਜ਼ਿਲ੍ਹਾ ਕਿਸੇ ਵਿਅਕਤੀਗਤ ਵਿਦਿਆਰਥੀ ਨੂੰ ਥੋੜ੍ਹੇ ਸਮੇਂ ਲਈ ਮੁਅੱਤਲ ਕਰ ਸਕਦਾ ਹੈ। ਕਿਸੇ ਵੀ ਅਕਾਦਮਿਕ ਮਿਆਦ ਦੇ ਦੌਰਾਨ ਕਿੰਡਰਗਾਰਟਨ ਤੋਂ ਚੌਥੇ ਗ੍ਰੇਡ ਦੇ ਵਿਦਿਆਰਥੀ ਕੁੱਲ 10 ਤੋਂ ਵੱਧ ਸਕੂਲ ਦੇ ਦਿਨਾਂ ਲਈ ਮੁਅੱਤਲ ਨਹੀਂ ਕੀਤੇ ਜਾ ਸਕਦੇ। ਪੰਜਵੇਂ ਤੋਂ 12 ਗ੍ਰੇਡ ਦੇ ਵਿਦਿਆਰਥੀ ਕਿਸੇ ਵੀ ਇਕੱਲੀ ਤਿਮਾਹੀ ਦੌਰਾਨ ਕੁੱਲ 10 ਤੋਂ ਵੱਧ ਸਕੂਲ ਦੇ ਦਿਨਾਂ ਲਈ ਜਾਂ ਕਿਸੇ ਇਕੱਲੀ ਛਿਮਾਹੀ ਦੌਰਾਨ ਨਿਰੰਤਰ ਪੰਦਰ੍ਹਾਂ ਸਕੂਲੀ ਦਿਨਾਂ ਲਈ ਮੁਅੱਤਲ ਨਹੀਂ ਕੀਤੇ ਜਾ ਸਕਦੇ।

ਇੱਕ ਲੰਬੇ ਸਮੇਂ ਲਈ ਮੁਅੱਤਲੀ ਅਗਲੇ ਸਕੂਲੀ ਸਾਲ ਵਿੱਚ ਜਾਰੀ ਨਹੀਂ ਰਹਿ ਸਕਦੀ।

ਕੋਈ ਵੀ ਬਰਖਾਸਤਗੀ ਛਿਮਾਹੀ ਜਾਂ ਤਿਮਾਹੀ ਦੀ ਮਿਆਦ ਤੋਂ ਜ਼ਿਆਦਾ ਨਹੀਂ ਹੋ ਸਕਦੀ। ਦੋ ਅਪਵਾਦ, ਹਥਿਆਰਾਂ ਦੀ ਉਲੰਘਣਾ ਕਰਨਾ ਅਤੇ ਸੀਮਤ ਮਾਮਲੇ ਹਨ ਜਿਨ੍ਹਾਂ ਵਿੱਚ ਜ਼ਿਲ੍ਹਾ ਸੁਪਰਿਨਟੈਂਡੈਂਟ ਜਨਤਕ ਸਿਹਤ ਅਤੇ ਸੁਰੱਖਿਆ ਕਾਰਨਾਂ ਲਈ ਬਰਖਾਸਤਗੀ ਦੀ ਮਿਆਦ ਨੂੰ ਵਧਾਉਣ ਦੀ ਦਰਖਾਸਤ ਨੂੰ ਮਨਜ਼ੂਰ ਕਰਦਾ ਹੈ।

## ਕੀ ਸਕੂਲ ਜ਼ਿਲ੍ਹਿਆਂ ਨੂੰ ਕੁਝ ਵਿਹਾਰਾਂ ਲਈ ਕਿਸੇ ਵਿਦਿਆਰਥੀ ਨੂੰ ਮੁਅੱਤਲ ਜਾਂ ਬਰਖਾਸਤ ਕਰਨ ਦੀ ਲੋੜ ਪੈਂਦੀ ਹੈ?

ਰਾਜ ਦੇ ਕਨੂੰਨ ਕਿਸੇ ਵੀ ਤਰ੍ਹਾਂ ਦੇ ਵਿਹਾਰਾਂ ਲਈ ਕਿਸੇ ਵੀ ਵਿਦਿਆਰਥੀ ਨੂੰ ਮੁਅੱਤਲ ਜਾਂ ਬਰਖਾਸਤ ਕਰਨ ਦੀ ਮੰਗ ਨਹੀਂ ਕਰਦਾ ਹੈ। ਸੰਘੀ ਕਨੂੰਨ ਲਈ ਹਥਿਆਰਾਂ ਦੀ ਉਲੰਘਣਾ ਕਰਨ ਲਈ ਬਰਖਾਸਤ ਕਰਨ ਦੀ ਲੋੜ ਹੁੰਦੀ ਹੈ। ਰਾਜ ਦੇ ਕਨੂੰਨ ਸਕੂਲ ਜ਼ਿਲ੍ਹਿਆਂ ਨੂੰ ਸਿਰਫ ਕੁਝ ਗੰਭੀਰ ਵਿਹਾਰਾਂ ਲਈ ਲੰਬੀ ਮਿਆਦ ਲਈ ਮੁਅੱਤਲ ਜਾਂ ਬਰਖਾਸਤ ਕਰਨ ਦੀ ਇਜਾਜ਼ਤ ਦਿੰਦਾ ਹੈ। ਸਕੂਲ ਜਿਲ੍ਹੇ ਉਨ੍ਹਾਂ ਨੀਤੀਆਂ ਨੂੰ ਅਪਣਾ ਸਕਦੇ ਹਨ ਜੋ ਕੁਝ ਵਿਹਾਰਕ ਉਲੰਘਣਾਵਾਂ ਲਈ ਮੁਅੱਤਲੀ ਜਾਂ ਬਰਖਾਸਤਗੀ ਦੀ ਇਜਾਜ਼ਤ ਦਿੰਦੀਆਂ ਹਨ, ਪਰ ਰਾਜ ਦੇ ਕਨੂੰਨ ਮੁਅੱਤਲ ਜਾਂ ਬਰਖਾਸਤ ਕਰਨ ਤੋਂ ਪਹਿਲਾਂ ਸਕੂਲ ਜ਼ਿਲ੍ਹਿਆਂ ਨੂੰ ਵਿਕਲਪਿਕ ਕਾਰਵਾਈਆਂ ਕਰਨ ਲਈ ਉਤਸ਼ਾਹਿਤ ਕਰਦੇ ਹਨ।

## ਜੇ ਕੋਈ ਵਿਹਾਰਕ ਘਟਨਾ ਹੁੰਦੀ ਹੈ, ਤਾਂ ਕੀ ਮੈਨੂੰ ਆਪਣੇ ਵਿਦਿਆਰਥੀ ਨੂੰ ਸਕੂਲ ਤੋਂ ਜਲਦੀ ਲਿਆਉਣਾ ਪਵੇਗਾ ਜਾਂ ਸਕੂਲ ਨੂੰ ਮੇਰੇ ਵਿਦਿਆਰਥੀ ਨੂੰ ਜਲਦੀ ਘਰ ਭੇਜਣ ਤੇ ਸਹਿਮਤ ਹੋਣਾ ਪਵੇਗਾ?

ਵਿਹਾਰਕ ਉਲੰਘਣਾਵਾਂ ਲਈ ਕਿਸੇ ਵਿਦਿਆਰਥੀ ਨੂੰ ਜਲਦੀ ਘਰ ਭੇਜਣਾ ਜਾਂ ਵਿਦਿਆਰਥੀ ਨੂੰ ਘਰ ਵਿਖੇ ਰਹਿਣ ਦੀ ਬੇਨਤੀ ਕਰਨਾ, ਮੁਅੱਤਲ ਕਰਨਾ ਹੈ (ਭਾਵੇਂ ਜੇ ਸਕੂਲ ਇਸ ਨੂੰ "ਛੇਤੀ ਬਰਖਾਸਤਗੀ" ਜਾਂ "ਵਿਦਿਆਰਥੀ ਨੂੰ ਲਿਆਉਣਾ" ਜਾਂ "ਛੁੱਟੀ" ਜਾਂ ਕੋਈ ਹੋਰ ਸ਼ਬਦ ਕਹਿੰਦਾ ਹੈ)। ਇਸ ਤੋਂ ਪਹਿਲਾਂ ਕਿ ਸਕੂਲ ਕਿਸੇ ਵਿਦਿਆਰਥੀ ਦੇ ਵਿਹਾਰ ਕਾਰਨ ਉਸ ਵਿਦਿਆਰਥੀ ਨੂੰ ਉਸ ਦਿਨ ਲਈ ਘਰ ਭੇਜੇ, ਸਕੂਲ ਦੀ ਵਿਦਿਆਰਥੀ ਨਾਲ ਇੱਕ ਗੈਰ-ਰਸਮੀ ਸੁਣਵਾਈ ਹੋਣੀ ਚਾਹੀਦੀ ਹੈ। ਸੁਣਵਾਈ ਵਿਦਿਆਰਥੀ ਨੂੰ ਉਸ ਦੇ ਵਿਹਾਰ ਦਾ ਵਰਣਨ ਕਰਨ ਦਾ ਮੌਕਾ ਦਿੰਦੀ ਹੈ। ਇਸ ਨੂੰ "ਸਹੀ ਪ੍ਰਕਿਰਿਆ" ਵਜੋਂ ਜਾਣਿਆ ਜਾਂਦਾ ਹੈ। ਸੁਣਵਾਈ ਵਿਚ ਇਹ ਵੀ ਸ਼ਾਮਲ ਹੈ:

1. ਵਿਦਿਆਰਥੀ ਨੂੰ ਉਸ ਵਿਹਾਰ ਨਿਯਮ ਬਾਰੇ ਵੀ ਸੂਚਿਤ ਕਰਦੀ ਹੈ ਜੋ ਤੋੜਿਆ ਗਿਆ ਸੀ;
2. ਵਿਹਾਰ ਦੇ ਸਬੂਤ ਬਾਰੇ ਵੀ ਦੱਸਦੀ ਹੈ; ਅਤੇ
3. ਅਨੁਸ਼ਾਸਨੀ ਕਾਰਵਾਈ ਬਾਰੇ ਵੀ ਦੱਸਦੀ ਹੈ।

ਰਾਜ ਦੇ ਕਨੂੰਨ ਕਿਸੇ ਸਕੂਲ ਜਿਲ੍ਹੇ ਨੂੰ ਇੱਕ ਗੈਰ-ਰਸਮੀ ਸੁਣਵਾਈ ਤੋਂ ਪਹਿਲਾਂ ਵਿਹਾਰਕ ਉਲੰਘਣਾਵਾਂ ਲਈ ਵਿਦਿਆਰਥੀ ਨੂੰ ਘਰ ਭੇਜਣ ਜਾਂ ਮਾਪੇ ਨੂੰ ਵਿਦਿਆਰਥੀ ਨੂੰ ਘਰ ਰੱਖਣ ਬਾਰੇ ਕਹਿਣ ਤੋਂ ਰੋਕਦੇ ਹਨ। ਜਦੋਂ ਤੱਕ ਮਾਪੇ ਇਹ ਪੁਸ਼ਟੀ ਨਹੀਂ ਕਰ ਸਕਦੇ ਹਨ ਕਿ ਸਕੂਲ ਨੇ ਮੁਅੱਤਲ ਕਰਨ ਲਈ ਵਿਦਿਆਰਥੀ ਨੂੰ ਸਹੀ ਪ੍ਰਕਿਰਿਆ ਪ੍ਰਦਾਨ ਕੀਤੀ ਹੈ, ਮਾਪਿਆਂ ਦੁਆਰਾ ਵਿਦਿਆਰਥੀ ਨੂੰ ਲਿਜਾਉਣ ਜਾਂ ਸਕੂਲ ਦੁਆਰਾ ਵਿਦਿਆਰਥੀ ਨੂੰ ਘਰ ਭੇਜਣ ਤੇ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਕੀ ਹੁੰਦਾ ਹੈ ਜੇ ਸਕੂਲ ਜ਼ਿਲ੍ਹਾ ਆਪਾਤਕਾਲੀਨ ਹਾਲਾਤਾਂ ਕਾਰਨ ਮੇਰੇ ਵਿਦਿਆਰਥੀ ਨੂੰ ਸਕੂਲ ਤੋਂ ਨਿਕਾਲ ਦਿੰਦਾ ਹੈ?

ਇੱਕ ਸਕੂਲ ਜ਼ਿਲ੍ਹਾ ਵਿਦਿਆਰਥੀ ਨਾਲ ਪਹਿਲਾਂ ਕੋਈ ਗੈਰ-ਰਸਮੀ ਸੁਣਵਾਈ ਕੀਤੇ ਬਿਨਾਂ ਕਿਸੇ ਵਿਦਿਆਰਥੀ ਨੂੰ ਸਕੂਲ ਤੋਂ ਤੁਰੰਤ ਨਿਕਾਲ ਸਕਦਾ ਹੈ। ਇਸ ਨੂੰ "ਆਪਾਤਕਾਲੀਨ ਬਰਖਾਸਤਗੀ" ਕਹਿੰਦੇ ਹਨ। ਇਹ ਉਨ੍ਹਾਂ ਪਰਿਸਥਿਤੀਆਂ ਤਕ ਹੀ ਸੀਮਤ ਹੈ ਜਿਨ੍ਹਾਂ ਵਿੱਚ ਕੋਈ ਸਕੂਲ ਜ਼ਿਲ੍ਹਾ ਇਹ ਮੰਨਦਾ ਹੈ ਕਿ ਇਮਾਰਤ ਵਿੱਚ ਵਿਦਿਆਰਥੀ ਦੀ ਮੌਜੂਦਗੀ:

1. ਦੂਜੇ ਵਿਦਿਆਰਥੀਆਂ ਜਾਂ ਸਕੂਲ ਸਟਾਫ ਨੂੰ ਕੋਈ ਤਤਕਾਲ ਅਤੇ ਨਿਰੰਤਰ ਖਤਰਾ ਹੈ; ਜਾਂ
2. ਵਿਦਿਅਕ ਪ੍ਰਕਿਰਿਆ ਵਿੱਚ ਮਹੱਤਵਪੂਰਨ ਵਿਘਨ ਦਾ ਖਤਰਾ ਹੈ।

ਆਪਾਤਕਾਲੀਨ ਬਰਖਾਸਤਗੀ ਨੂੰ 10 ਸਕੂਲੀ ਦਿਨਾਂ ਦੇ ਅੰਦਰ ਖਤਮ ਕਰਨਾ ਜ਼ਰੂਰੀ ਹੈ ਜਾਂ ਕਿਸੇ ਹੋਰ ਅਨੁਸ਼ਾਸਨ ਦੀ ਕਾਰਵਾਈ ਵਿੱਚ ਬਦਲਿਆ ਜਾਣਾ ਚਾਹੀਦਾ ਹੈ। ਸਕੂਲ ਜ਼ਿਲ੍ਹਿਆਂ ਦੁਆਰਾ ਵਿਦਿਆਰਥੀ ਨੂੰ ਸਕੂਲ ਤੋਂ ਨਿਕਾਲਣ ਤੋਂ ਬਾਅਦ 24 ਘੰਟਿਆਂ ਦੇ ਅੰਦਰ ਸਕੂਲ ਜ਼ਿਲ੍ਹਿਆਂ ਦਾ ਮਾਪਿਆਂ ਨੂੰ ਆਪਾਤਕਾਲੀਨ ਬਰਖਾਸਤਗੀ ਅਤੇ ਦਰਖਾਸਤ ਕਰਨ ਦੇ ਅਧਿਕਾਰ ਬਾਰੇ ਸੂਚਿਤ ਕਰਨਾ ਜ਼ਰੂਰੀ ਹੈ।

## ਮੁਅੱਤਲੀ ਜਾਂ ਬਰਖਾਸਤਗੀ ਦੌਰਾਨ ਸਕੂਲ ਦੇ ਕੰਮ ਨਾਲ ਕੀ ਹੁੰਦਾ ਹੈ?

ਜਦੋਂ ਕੋਈ ਵਿਦਿਆਰਥੀ ਮੁਅੱਤਲ ਹੁੰਦਾ ਹੈ, ਤਾਂ ਸਕੂਲ ਜਿਲ੍ਹੇ ਨੂੰ ਵਿਦਿਆਰਥੀ ਨੂੰ ਵਿਦਿਆਰਥੀ ਦੇ ਸਾਰੇ ਵਿਸ਼ਿਆਂ ਜਾਂ ਕਲਾਸਾਂ ਤੋਂ ਕੋਈ ਵੀ ਕੋਰਸਵਰਕ ਦੇਣ ਜਾਂ ਹੋਮਵਰਕ ਨਿਯਤ ਕਰਨ ਦੀ ਲੋੜ ਹੋਵੇਗੀ। ਜਿਲ੍ਹੇ ਨੂੰ ਕਿਸੇ ਸਟਾਫ ਮੈਂਬਰ ਕੋਲ ਪਹੁੰਚ ਪ੍ਰਦਾਨ ਕਰਨ ਦੀ ਲੋੜ ਵੀ ਹੋਵੇਗੀ ਜੋ ਵਿਦਿਆਰਥੀ ਨੂੰ ਉਸ ਦੇ ਚਾਲੂ ਵਿਸ਼ਿਆਂ ਜਾਂ ਕਲਾਸਾਂ ਦੇ ਸਬੰਧ ਵਿਚ ਸਹਾਇਤਾ ਪ੍ਰਦਾਨ ਕਰ ਸਕੇ। ਸਕੂਲ ਜ਼ਿਲ੍ਹਾ ਵਿਦਿਆਰਥੀ ਨੂੰ ਇਨ੍ਹਾਂ ਵਿਦਿਅਕ ਸੇਵਾਵਾਂ ਨੂੰ ਸਕੂਲ ਵਿੱਚਲੇ ਮੁਅੱਤਲੀ ਪ੍ਰੋਗਰਾਮ ਰਾਹੀਂ, ਵਿਦਿਆਰਥੀ ਦੇ ਘਰ ਵਿਖੇ, ਜਾਂ ਸਕੂਲ ਜਿਲ੍ਹੇ ਜਾਂ ਭਾਈਚਾਰੇ ਵਿੱਚ ਕਿਸੇ ਹੋਰ ਜਗ੍ਹਾ ਤੇ ਪ੍ਰਦਾਨ ਕਰ ਸਕਦਾ ਹੈ।

ਲੰਬੇ ਸਮੇਂ ਦੀਆਂ ਮੁਅੱਤਲੀਆਂ ਲਈ, ਸਕੂਲ ਜ਼ਿਲ੍ਹਾ ਮੁਅੱਤਲ ਕੀਤੇ ਵਿਦਿਆਰਥੀ ਨੂੰ ਕਿਸੇ ਹੋਰ ਵਿਦਿਅਕ ਪ੍ਰੋਗਰਾਮ ਵਿੱਚ ਭਰਤੀ ਕਰ ਸਕਦਾ ਹੈ ਜਿਵੇਂ ਕਿ ਵਿਕਲਪਿਕ ਲਰਨਿੰਗ ਅਨੁਭਵ (Alternative Learning Experience, ALE).

## ਜਦੋਂ ਕਿਸੇ ਵਿਦਿਆਰਥੀ ਨੂੰ ਬਰਖਾਸਤ ਜਾਂ ਲੰਬੇ ਸਮੇਂ ਲਈ ਮੁਅੱਤਲ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਨੂੰ ਸਕੂਲ ਵਿੱਚ ਵਾਪਸ ਆਉਣ ਦੀ ਇਜਾਜ਼ਤ ਦੇਣ ਦੀ ਕੀ ਪ੍ਰਕਿਰਿਆ ਹੈ?

ਰਾਜ ਦੇ ਕਨੂੰਨ ਮੰਗ ਕਰਦੇ ਹਨ ਕਿ ਸਕੂਲ ਜਿਲ੍ਹੇ ਵਿਦਿਆਰਥੀ ਅਤੇ ਮਾਪਿਆਂ ਨਾਲ ਮਿਲ ਕੇ ਪੁਨਰਨਿਰਮਾਣ ਯੋਜਨਾ ਨੂੰ ਵਿਕਸਿਤ ਕਰਨ। ਮੀਟਿੰਗ 20 ਦਿਨਾਂ ਦੇ ਅੰਦਰ ਅਤੇ ਮੁਅੱਤਲੀ ਜਾਂ ਬਰਖ਼ਾਸਤਗੀ ਦੀ ਸਮਾਪਤੀ ਦੀ ਮਿਤੀ ਤੋਂ ਪੰਜ ਦਿਨ ਪਹਿਲਾਂ ਹੋਣੀ ਚਾਹੀਦੀ ਹੈ। ਜੇਕਰ ਪਰਿਵਾਰ ਜਲਦੀ ਮੀਟਿੰਗ ਲਈ ਬੇਨਤੀ ਕਰਦਾ ਹੈ ਤਾਂ ਮੀਟਿੰਗ ਛੇਤੀ ਕੀਤੀ ਜਾਣੀ ਚਾਹੀਦੀ ਹੈ। ਪਰਿਵਾਰ ਨਾਲ ਯੋਜਨਾ ਵਿਕਸਿਤ ਕਰਦੇ ਸਮੇਂ, ਸਕੂਲੀ ਜ਼ਿਲ੍ਹਿਆਂ ਨੂੰ ਇਹ ਵਿਚਾਰ ਕਰਨ ਦੀ ਲੋੜ ਹੁੰਦੀ ਹੈ:

- ਅਨੁਸ਼ਾਸਨ ਦੀ ਘਟਨਾ ਦੀ ਕਿਸਮ ਅਤੇ ਹਾਲਾਤ;
- ਵਿਦਿਆਰਥੀ ਦਾ ਸੱਭਿਆਚਾਰਕ ਇਤਿਹਾਸ ਅਤੇ ਸੰਦਰਭ, ਪਰਿਵਾਰਕ ਨਿਯਮ ਅਤੇ ਕਦਰਾਂ-ਕੀਮਤਾਂ, ਅਤੇ ਸਮੁਦਾਇਕ ਸੰਸਾਧਨ;
- ਮੁਅੱਤਲ ਜਾਂ ਬਰਖਾਸਤਗੀ ਦੇ ਸਮੇਂ ਨੂੰ ਘਟਾਉਣਾ;
- ਵਿਦਿਆਰਥੀ ਦੀ ਅਕਾਦਮਿਕ ਸਫਲਤਾ ਦੀ ਅਗਵਾਈ ਲਈ ਅਕਾਦਮਿਕ ਅਤੇ ਗੈਰ-ਅਕਾਦਮਿਕ ਸਹਿਯੋਗ; ਅਤੇ
- ਉਹ ਸਹਾਇਤਾ ਪ੍ਰਦਾਨ ਕਰਨਾ ਜਿਸਦੀ ਵਿਦਿਆਰਥੀ, ਮਾਪਿਆਂ ਜਾਂ ਸਕੂਲ ਦੇ ਕਰਮਚਾਰੀਆਂ ਨੂੰ ਇਹੋ ਜਿਹੀ ਘਟਨਾ ਨੂੰ ਦੁਬਾਰਾ ਹੋਣ ਤੋਂ ਰੋਕਣ ਲਈ ਜ਼ਰੂਰਤ ਹੋ ਸਕਦੀ ਹੈ

ਨੋਟ ਕਰੋ ਕਿ ਪੁਨਰਨਿਰਮਾਣ ਮੀਟਿੰਗਾਂ ਅਤੇ ਯੋਜਨਾਵਾਂ, ਮੁੜ ਭਰਤੀ ਕਰਨ ਲਈ ਅਨੁਸ਼ਾਸਨੀ ਅਪੀਲ ਪ੍ਰਕਿਰਿਆਵਾਂ ਅਤੇ ਦਰਖਾਸਤਾਂ ਤੋਂ ਵੱਖਰੀਆਂ ਹੁੰਦੀਆਂ ਹਨ।

## ਮੇਰੇ ਵਿਦਿਆਰਥੀ ਨੂੰ ਵਿਸ਼ੇਸ਼ ਸਿੱਖਿਆ ਸੇਵਾਵਾਂ ਪ੍ਰਾਪਤ ਹੁੰਦੀਆਂ ਹਨ - ਕੀ ਇਹੋ ਕਨੂੰਨ ਲਾਗੂ ਹੁੰਦੇ ਹਨ?

ਜੀ ਹਾਂ। ਰਾਜ ਦੇ ਅਤੇ ਸੰਘੀ ਕਨੂੰਨ ਵਿਸ਼ੇਸ਼ ਸਿੱਖਿਆ ਸੇਵਾਵਾਂ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨੂੰ ਹੋਰ ਜ਼ਿਆਦਾ ਸੁਰੱਖਿਆ ਪ੍ਰਦਾਨ ਕਰਦੇ ਹਨ। ਸਕੂਲ ਜ਼ਿਲ੍ਹਿਆਂ ਨੂੰ ਉਨ੍ਹਾਂ ਵਿਦਿਆਰਥੀਆਂ ਦੇ ਸਬੰਧ ਵਿੱਚ ਰਾਜ ਦੇ ਅਤੇ ਸੰਘੀ ਕਨੂੰਨ ਦੀ ਪਾਲਣਾ ਕਰਨੀ ਪਵੇਗੀ ਜੋ ਵਿਸ਼ੇਸ਼ ਸਿੱਖਿਆ ਸੇਵਾਵਾਂ ਪ੍ਰਾਪਤ ਕਰਦੇ ਹਨ। ਹੋਰ ਜ਼ਿਆਦਾ ਜਾਣਕਾਰੀ OSPI ਵਿਸ਼ੇਸ਼ ਸਿੱਖਿਆ ਵਿਹਾਰ ਅਤੇ ਅਨੁਸ਼ਾਸਨ ਅਤੇ ਸੈਕਸ਼ਨ 504 ਅਤੇ ਅਯੋਗਤਾਵਾਂ ਵਾਲੇ ਵਿਦਿਆਰਥੀ ਦੇ ਵੈੱਬਪੰਨਿਆਂ ਤੇ ਉਪਲਬਧ ਹੈ।

## ਜੇ ਮੈਂ, ਮੇਰੇ ਵਿਦਿਆਰਥੀ ਨੇ ਜੋ ਕੀਤਾ ਉਸ ਸਬੰਧੀ ਸਕੂਲ ਦੀ ਕਹਾਣੀ ਨਾਲ ਜਾਂ ਸਕੂਲ ਜ਼ਿਲ੍ਹੇ ਦੇ ਅਨੁਸ਼ਾਸਨ ਦੇ ਫ਼ੈਸਲੇ ਨਾਲ ਸਹਿਮਤ ਨਹੀਂ ਹਾਂ ਤਾਂ ਮੈਂ ਕੀ ਕਰ ਸਕਦਾ/ਦੀ ਹਾਂ?

ਸਕੂਲੀ ਜ਼ਿਲ੍ਹੇ ਦੀ ਕਾਰਵਾਈ ਨੂੰ ਚੁਣੌਤੀ ਅਨੁਸ਼ਾਸਨ ਦੀ ਕਿਸਮ ਦੇ ਅਨੁਸਾਰ ਵੱਖ-ਵੱਖ ਹੁੰਦੀ ਹੈ। ਆਮ ਤੌਰ ਤੇ, ਵਿਦਿਆਰਥੀ ਅਤੇ ਮਾਪੇ ਤਿੰਨ ਪੱਧਰਾਂ ਤੇ ਅਨੁਸ਼ਾਸਨ ਦੇ ਫ਼ੈਸਲੇ ਨੂੰ ਚੁਣੌਤੀ ਦੇ ਸਕਦੇ ਹਨ:

- ਪੱਧਰ 1: ਸਕੂਲ ਪੱਧਰ, ਆਮ ਤੌਰ ਤੇ ਇਮਾਰਤ ਦਾ ਪ੍ਰਿੰਸੀਪਲ
- ਪੱਧਰ 2: ਜ਼ਿਲ੍ਹਾ ਪੱਧਰ, ਆਮ ਤੌਰ 'ਤੇ ਸਕੂਲ ਜ਼ਿਲ੍ਹਾ ਸੁਪਰਿਨਟੈਂਡੈਂਟ ਦੇ ਨਾਲ

- ਪੱਧਰ 3: ਸਕੂਲ ਬੋਰਡ ਪੱਧਰ, ਜਾਂ ਤਾਂ ਸਕੂਲ ਬੋਰਡ ਜਾਂ ਅਨੁਸ਼ਾਸਨ ਅਪੀਲ ਕੌਂਸਿਲ ਕੋਲ

ਨੋਟ: ਮੁਅੱਤਲੀਆਂ, ਬਰਖਾਸਤਗੀਆਂ ਅਤੇ ਆਪਾਤਕਾਲੀਨ ਬਰਖਾਸਤਗੀਆਂ ਲਈ, ਵਿਦਿਆਰਥੀਆਂ ਜਾਂ ਮਾਪਿਆਂ ਦਾ ਸਕੂਲ ਜਿਲ੍ਹੇ ਨੂੰ ਇੱਕ ਖਾਸ ਸਮਾਂ ਸੀਮਾ ਵਿੱਚ ਫੈਸਲੇ ਨੂੰ ਚੁਣੌਤੀ ਦੇਣ ਦੀ ਆਪਣੀ ਮੰਸ਼ਾ ਬਾਰੇ ਸੂਚਿਤ ਕਰਨਾ ਜ਼ਰੂਰੀ ਹੈ। ਸਕੂਲ ਜ਼ਿਲ੍ਹਿਆਂ ਨਾਲ ਸੰਚਾਰ ਕਰਦੇ ਸਮੇਂ, ਜਿੰਨਾਂ ਸੰਭਵ ਹੋ ਸਕੇ, ਮਾਪਿਆਂ ਅਤੇ ਵਿਦਿਆਰਥੀਆਂ ਨੂੰ ਸਾਰੇ ਸੰਚਾਰਾਂ ਦੇ ਦਸਤਾਵੇਜ਼ ਬਣਾਉਣੇ ਚਾਹੀਦੇ ਹਨ ਅਤ ਅਕਸਰ ਜਿੰਨਾ ਸੰਭਵ ਹੋ ਸਕੇ ਲਿਖਤੀ ਰੂਪ ਵਿੱਚ ਸੰਚਾਰ ਕਰਨਾ ਚਾਹੀਦਾ ਹੈ।

## ਅਨੁਸ਼ਾਸ਼ਨ ਦੇ ਸਬੰਧ ਵਿਚ ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਸਹਾਇਤਾ ਲਈ ਰਾਜ ਕੀ ਕਰ ਰਿਹਾ ਹੈ?

ਆਫ਼ਿਸ ਆਫ਼ ਸੁਪਰਿਨਟੈਂਡੈਂਟ ਆਫ਼ ਪਬਲਿਕ ਇੰਸਟ੍ਰਕਸ਼ਨ (Office of Superintendent of Public Instruction, OSPI), ਜੋ ਕਿ ਜਨਤਕ K-12 ਸਿੱਖਿਆ ਦੀ ਨਿਗਰਾਨੀ ਕਰਦਾ ਹੈ, ਵਿਭਿੰਨ ਤਰੀਕਿਆਂ ਨਾਲ ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਸਹਾਇਤਾ ਕਰਦਾ ਹੈ, ਜਿਸ ਵਿਚ ਸ਼ਾਮਲ ਹਨ:

1. **ਨਿਯਮ ਬਣਾਉਣੇ।** OSPI ਉਨ੍ਹਾਂ ਨਿਯਮਾਂ ਨੂੰ ਅਪਣਾਉਣ ਲਈ ਜ਼ੁੰਮੇਵਾਰ ਹੈ ਜੋ ਵਿਦਿਆਰਥੀਆਂ ਦੇ ਹਿੱਤਾਂ ਦੀ ਰਾਖੀ ਕਰਦੇ ਹਨ ਅਤੇ ਉਹ ਪ੍ਰਕਿਰਿਆਵਾਂ ਪ੍ਰਦਾਨ ਕਰਦਾ ਹੈ ਜਿਨ੍ਹਾਂ ਦੀ ਜ਼ਿਲ੍ਹਿਆਂ ਦੁਆਰਾ ਪਾਲਣਾ ਕਰਨੀ ਜ਼ਰੂਰੀ ਹੈ। OSPI ਨੇ ਹਾਲ ਹੀ ਵਿਚ ਵਿਦਿਆਰਥੀ ਅਨੁਸ਼ਾਸਨ ਲਈ ਨਵੇਂ ਰਾਜਸੀ ਨਿਯਮਾਂ ਨੂੰ ਅਪਣਾਇਆ ਹੈ। ਨਵੇਂ ਨਿਯਮ ਭਾਸ਼ਾ ਨੂੰ ਸੌਖਾ ਕਰਦੇ ਹਨ ਅਤੇ ਪਰਿਵਾਰਾਂ ਅਤੇ ਜ਼ਿਲ੍ਹਿਆਂ ਲਈ ਜ਼ਰੂਰਤਾਂ ਸਪਸ਼ਟ ਕਰਦੇ ਹਨ। ਨਵੇਂ ਨਿਯਮ ਵਿਦਿਆਰਥੀਆਂ ਅਤੇ ਪਰਿਵਾਰਾਂ ਨੂੰ ਸਥਾਨਕ ਪੱਧਰ 'ਤੇ ਫੈਸਲੇ ਲੈਣ ਦੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਹੋਣ ਦੇ ਹੋਰ ਜ਼ਿਆਦਾ ਮੌਕੇ ਪ੍ਰਦਾਨ ਕਰਦੇ ਹਨ। OSPI ਦਾ ਵਿਦਿਆਰਥੀ ਅਨੁਸ਼ਾਸਨ ਵੈੱਬਪੰਨਾ ਵਿਦਿਆਰਥੀ ਅਨੁਸ਼ਾਸਨ ਲਈ ਰਾਜਸੀ ਨਿਯਮਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ।
2. **ਤਕਨੀਕੀ ਸਹਾਇਤਾ।** OSPI ਹਰੇਕ ਕੇਸ ਦੇ ਅਧਾਰ ਤੇ ਵਿਦਿਆਰਥੀਆਂ ਅਤੇ ਪਰਿਵਾਰਾਂ ਨੂੰ ਜਾਣਕਾਰੀ ਅਤੇ ਸੰਸਾਧਨ ਪ੍ਰਦਾਨ ਕਰਦਾ ਹੈ।
3. **ਨਾਗਰਿਕ ਅਧਿਕਾਰਾਂ ਦਾ ਅਨੁਪਾਲਣ।** OSPI ਉਨ੍ਹਾਂ ਪਰਿਵਾਰਾਂ ਲਈ ਸਹਾਇਤਾ ਮੁਹੱਈਆ ਕਰ ਸਕਦਾ ਹੈ ਜੋ ਅਨੁਸ਼ਾਸਨ ਦੇ ਪ੍ਰਸ਼ਾਸਨ ਵਿਚ ਵਿਤਕਰੇ ਬਾਰੇ ਚਿੰਤਤ ਹਨ। ਉਦਾਹਰਨ ਲਈ, ਜੇ ਤੁਹਾਨੂੰ ਲਗਦਾ ਹੈ ਕਿ ਸਕੂਲ ਜਿਲ੍ਹੇ ਨੇ ਤੁਹਾਡੇ ਵਿਦਿਆਰਥੀ ਦੀ ਨਸਲ, ਰਾਸ਼ਟਰੀ ਮੂਲ, ਲਿੰਗ, ਅਪੰਗਤਾ, ਜਾਂ ਹੋਰ ਸੁਰੱਖਿਅਤ ਕਲਾਸ ਦੇ ਆਧਾਰ ਤੇ ਉਸ ਨਾਲ ਵੱਖਰੇ ਤੌਰ ਤੇ ਵਿਹਾਰ ਕੀਤਾ ਹੈ, ਤਾਂ OSPI ਦਾ ਨਿਰਪੱਖਤਾ ਅਤੇ ਨਾਗਰਿਕ ਅਧਿਕਾਰ ਦਾ ਦਫਤਰ (OSPI's Office of Equity and Civil Rights) ਇਸ ਬਾਰੇ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ (1) ਤੁਹਾਡੇ ਅਧਿਕਾਰਾਂ ਬਾਰੇ ਅਤੇ (2) ਪੱਖਪਾਤ ਲਈ ਸ਼ਿਕਾਇਤ ਕਿਵੇਂ ਕਰਨੀ ਹੈ।
4. **ਸਰੋਤ।** ਵਿਦਿਆਰਥੀ ਅਨੁਸ਼ਾਸਨ ਵਿਚ ਨਿਰਪੱਖ ਨਤੀਜਿਆਂ ਦਾ ਸਮਰਥਨ ਕਰਨ ਲਈ OSPI, ਅਧਿਆਪਕਾਂ ਲਈ ਸਿੱਖਲਾਈ ਮਾਡਿਊਲ ਵਿਕਸਤ ਕਰਨ ਸਮੇਤ ਪਰਿਵਾਰਾਂ ਅਤੇ ਸਕੂਲ ਜ਼ਿਲ੍ਹਿਆਂ ਲਈ ਅਤਿਰਿਕਤ ਸਰੋਤਾਂ ਦਾ ਵਿਕਾਸ ਕਰ ਰਿਹਾ ਹੈ।

### ਹੋਰ ਜਾਣਕਾਰੀ ਲਈ

- OSPI ਸਕੂਲ ਜ਼ਿਲ੍ਹਿਆਂ ਨੂੰ ਉਤਸ਼ਾਹਿਤ ਕਰਦਾ ਹੈ ਕਿ ਉਹ ਸਭ ਤੋਂ ਵਧੀਆ ਅਭਿਆਸਾਂ ਅਤੇ ਰਣਨੀਤੀਆਂ ਦੇ ਵਿਹਾਰ ਦਾ ਮੇਨੂੰ ਵਿੱਚ ਸ਼ਾਮਲ ਅਭਿਆਸਾਂ ਅਤੇ ਰਣਨੀਤੀਆਂ ਦਾ ਉਪਯੋਗ ਕਰਨ।
- OSPI ਵਿਖੇ ਵਿਦਿਆਰਥੀ ਅਨੁਸ਼ਾਸਨ: ਰਾਜ ਦੇ ਅਨੁਸਾਸ਼ਨ ਕਨੂੰਨਾਂ, ਨਵੇਂ ਅਨੁਸ਼ਾਸਨ ਨਿਯਮਾਂ ਅਤੇ OSPI ਸਰੋਤਾਂ ਬਾਰੇ ਵਧੇਰੇ ਜਾਣਕਾਰੀ।
- ਪੱਖਪਾਤ ਬਾਰੇ ਸਵਾਲਾਂ ਜਾਂ ਚਿੰਤਾਵਾਂ ਲਈ, OSPI ਦੇ ਨਿਰਪੱਖਤਾ ਅਤੇ ਨਾਗਰਿਕ ਅਧਿਕਾਰ ਦਫਤਰ ਨਾਲ ਸੰਪਰਕ ਕਰੋ।

